"ਘਰ -ਘਰ ਰੋਜ਼ਗਾਰ"

# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)

ਫੇਜ-3ਬੀ-1, ਮੁਹਾਲੀ।

(ਵੈਬਸਾਈਟ www.educationrecruitmentboard.com)

ਨੰ. 08/20-2021 **ਭ.ਡ.** (8)/ 2021235634 **ਮਿਤੀ** 12/07/2021

ਉਮੀਦਵਾਰਾਂ ਲਈ ਹਦਾਇਤਾਂ

ਪੰਜਾਬ ਸਿੱਖਿਆ ਵਿਭਾਗ ਵੱਲੋਂ **ਸਿੱਖਿਆ ਵਿਭਾਗ, ਪੰਜਾਬ ਵੱਲੋਂ "ਘਰ ਘਰ ਰੋਜ਼ਗਾਰ ਯੋਜਨਾ" ਤਹਿਤ ਸਕੂਲ ਸਿੱਖਿਆ ਵਿਭਾਗ ਅਧੀਨ ਮਾਸਟਰ ਕਾਡਰ (ਬਾਰਡਰ ਏਰੀਆ) ਦੇ 899 ਅੰਗਰੇਜੀ ਦੀ ਨਵੀ** ਅਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਵੱਲੋਂ, ਵਿਭਾਗ ਦੀ ਵੈਬਸਾਈਟ www.educationrecruitmentboard.com ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਜਿਹੜੇ ਉਮੀਦਵਾਰਾਂ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕੀਤਾ ਸੀ,ਉਨ੍ਹਾਂ ਦਾ ਮਿਤੀ 20.6.2021 ਅਤੇ 21.6.2021 ਨੂੰ ਲਿਖਤੀ ਟੈਸਟ ਲੈਣ ਉਪਰੰਤ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ। ਉਮੀਦਵਾਰਾਂ ਨੂੰ ਆਪਣੇ ਅਸਲ ਦਸਤਾਵੇਜਾਂ ਦੀ ਸਕਰੂਟਨੀ ਲਈ ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਾਈਰੋਸਾਫ਼ਟ ਬਿਲਡਿੰਗ ਫੇਜ 3 ਬੀ-1 ਐਸ.ਏ.ਐਸ.ਨਗਰ ਵਿਖੇ ਹੇਠਾਂ ਦਰਸਾਏ ਗਏ ਸਡਿਊਲ ਅਨੁਸਾਰ ਸਵੇਰੇ 09.00 ਵਜੇ ਤੋਂ ਸ਼ਾਮ 3.00 ਵੱਜੇ ਤੱਕ ਅਸਲ ਦਸਤਾਵੇਜਾ ਦੀ ਸਕਰੂਟਿਨੀ ਲਈ ਸੱਦਾ ਦਿੱਤਾ ਜਾਂਦਾ ਹੈ।

| ਮਿਤੀ | ਵਿਸਾ | ਕੈਟਾਗਰੀ | ਕੱਟ ਆਫ ਮੈਰਿਟ |
|---|---|---|---|
| 15.07.2021 | ਅੰਗਰੇਜੀ | OPEN | **138 ਅਤੇ 138 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ (ਹੋਰ ਕੈਟਾਗਰੀ ਭਾਵ SC, BC,EWS,SPORTS, ESM, FF ਅਤੇ ਇਨ੍ਹਾਂ ਦੀ ਸਬ ਕੈਟਾਗਰੀ ਦੇ ਉਮੀਦਵਾਰ ਦੀ ਮੈਰਿਟ ਉਕਤ ਅਨੁਸਾਰ ਹੈ ਤਾਂ ਉਹ 15.7.2021 ਨੂੰ ਹੀ ਆਪਣੀ ਸਕਰੂਟਨੀ ਕਰਵਾਉਣਗੇ।** |
| 16.07.2021 | ਅੰਗਰੇਜੀ | OPEN | **136 ਤੋਂ 137 ਤੱਕ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ (ਹੋਰ ਕੈਟਾਗਰੀ ਭਾਵ SC, BC,EWS,SPORTS, ESM, FF ਅਤੇ ਇਨ੍ਹਾਂ ਦੀ ਸਬ ਕੈਟਾਗਰੀ ਦੇ ਉਮੀਦਵਾਰ ਦੀ ਮੈਰਿਟ ਉਕਤ ਅਨੁਸਾਰ ਹੈ ਤਾਂ ਉਹ** |

12/07/21

| | | | |
|---|---|---|---|
| | | | 16.7.2021 ਨੂੰ ਹੀ ਆਪਣੀ ਸਕਰੂਟਨੀ ਕਰਵਾਉਣਗੇ। |
| | | SC (R & O) | 116 ਅਤੇ 116 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ |
| | | SC (M & B) | 55 ਅਤੇ 55 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ |
| | | BC | 128 ਅਤੇ 128 ਤੋਂ ਉੱਪਰ ਵੱਧ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰ |
| | | EWS | 132 ਤੋਂ 132 ਤੱਕ ਪ੍ਰਾਪਤ ਕਰਨ ਵਾਲੇ ਉਮੀਦਵਾਰ |
| | | SC (R&O) ESM | ALL CANDIDATES |
| 19.07.2021 | ਅੰਗਰੇਜੀ | GENERAL (ESM) | ALL CANDIDATES |
| | | BC (ESM) | ALL CANDIDATES |
| | | FREEDOM FIGHTER | ALL CANDIDATES |
| | | PH (VISUAL) | ALL CANDIDATES |
| | | PH (HEARING) | ALL CANDIDATES |
| | | PH (ORTHO) | ALL CANDIDATES |
| | | PH (ID) | ALL CANDIDATES |
| | | GENRAL (SPORTS) | ALL CANDIDATES |

ਬਿਨੈਕਾਰ ਨਿਰਿਧਾਰਿਤ ਸਡਿਊਲ ਅਨੁਸਾਰ ਦਸਤਾਵੇਜਾਂ ਦੀ ਸਕਰੂਟਿਨੀ ਤੇ ਆਉਣ ਤੋਂ ਪਹਿਲਾਂ ਹੇਠ ਦਰਸਾਏ ਅਨੁਸਾਰ **ਸਕਰੂਟਿਨੀ ਫਾਰਮ** ਵਿਭਾਗ ਦੀ ਵੈਬਾਈਟ ਤੋਂ ਡਾਊਨਲੋਡ ਕਰਕੇ ਉਸ ਨੂੰ ਸਾਫ਼-ਸੁਥਰਾ ਭਰਨ ਉਪਰੰਤ ਆਪਣੇ ਸਰਟੀਫਿਕੇਟਾਂ ਨੂੰ ਇੱਕ **Running PDF** ਤਿਆਰ ਕਰਕੇ (**ਅੰਗਰੇਜੀ ਵਿਸਾ englishmastercadre2021@gmail.com** ਤੇ ਈਮੇਲ ਦੇ **SUBJECT** ਕਾਲਮ ਵਿੱਚ ਆਪਣਾ ਰਜਿਸਟਰੇਸ਼ਨ ਨੰਬਰ ਅਤੇ ਨਾਮ ਭਰ ਕੇ e-mail ਕਰੇਗਾ।

1. ਜਨਮ ਮਿਤੀ ਸਬੰਧੀ ਦਸਵੀ ਦਾ ਸਰਟੀਫਿਕੇਟ
2. ਪੰਜਾਬੀ ਪਾਸ ਕਰਨ ਦਾ ਸਬੂਤ(ਦਸਵੀਂ ਕਲਾਸ ਜਾਂ ਉਚੇਰੀ ਪੱਧਰ ਤੇ)
3. ਬੀ.ਏ. ਭਾਗ I, II,III ਦੇ DMC ਅਤੇ ਡਿਗਰੀ।
4. ਬੀ.ਐਡ.ਦੀ DMC ਅਤੇ ਡਿਗਰੀ।
5. ਕੈਟਾਗਰੀ ਨਾਲ ਸਬੰਧਤ ਸਰਟੀਫਿਕੇਟ।
6. ਪੰਜਾਬ ਰਾਜ ਵਸਨੀਕ ਹੋਣ ਦਾ ਸਬੂਤ(ਕੇਵਲ ਉਹੀ ਉਮੀਦਵਾਰ ਜਿਨ੍ਹਾਂ ਨੇ ਕਿਸੇ ਰਿਜ਼ਰਵ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।
7. ਆਮਦਨ ਸਬੰਧੀ ਸਵੈ-ਘੋਸ਼ਣਾ ਪੱਤਰ (ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ ਕਰਕੇ ਭਰਨ ਉਪਰੰਤ) ਜਿਹੜੇ ਉਮੀਦਵਾਰਾਂ ਨੇ ਪੱਛੜੀ ਸ਼੍ਰੇਣੀ ਕੈਟਾਗਰੀ ਵਿੱਚ ਅਪਲਾਈ ਕੀਤਾ ਹੈ)।

ਉਮੀਦਵਾਰ ਦਸਤਾਵੇਜਾਂ ਦੀ ਸਕਰੂਟਿਨੀ ਤੇ ਆਉਣ ਸਮੇਂ ਆਪਣੇ ਨਾਲ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕ ਕੀਤੀਆਂ ਫੋਟੋ ਕਾਪੀਆਂ ਦਾ ਇੱਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 4 ਫੋਟੋਆਂ, ਜਮ੍ਹਾਂ ਕਰਵਾਈ ਗਈ ਫੀਸ ਦਾ ਸਬੂਤ, ਆਨਲਾਈਨ ਅਪਲਾਈ ਕਰਨ ਦਾ ਫਾਰਮ, ਵਿਭਾਗ ਦੀ ਵੈਬਸਾਈਟ ਤੋਂ ਡਾਊਨਲੋਡ

ਕੀਤਾ ਸਕਰੂਟਨੀ ਫਾਰਮ ਫਾਈਲ ਕਵਰ ਵਿੱਚ ਟੈਗ ਕਰਕੇ ਸਾਰੇ ਅਸਲ ਸਰਟੀਫਿਕੇਟ ਅਤੇ ਤਸਦੀਕੀ ਫੋਟੋਕਾਪੀਆਂ ਉਕਤ ਦਰਸਾਈ ਤਰਤੀਬ ਅਨੁਸਾਰ ਵੱਖਰੀਆਂ ਫਾਈਲਾਂ ਵਿੱਚ ਲਗਾ ਕੇ ਦਸਤਾਵੇਜਾ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

**ਉਮੀਦਵਾਰਾਂ ਲਈ ਹਦਾਇਤਾਂ:-**

1. ਉਪਰੋਕਤ ਦਿੱਤੇ ਸਡਿਊਲ ਅਨੁਸਾਰ ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਕਰਵਾਉਣ ਲਈ ਨਿੱਜੀ ਪੱਧਰ ਤੇ ਹਾਜ਼ਰ ਹੋਣਾ ਯਕੀਨੀ ਬਨਾਉਣ।
2. ਕਿਸੇ ਵੀ ਉਮੀਦਵਾਰ ਵੱਲੋਂ ਦਸਤਵੇਜਾ ਦੀ ਸਕਰੂਟਨੀ ਵਿੱਚ ਹਾਜਰ ਹੋਣ ਦਾ ਭਾਵ ਇਹ ਨਹੀਂ ਕਿ ਉਸ ਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
3. ਦਸਤਾਵੇਜਾ ਦੀ ਸਕਰੂਟਨੀ ਸਮੇਂ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ।ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀਂ ਲਿਆ ਜਾਵੇਗਾ।
4. ਅਸਲ ਦਸਤਾਵੇਜ, ਦਸਤਾਵੇਜਾ ਦੀ ਸਕਰੂਟਨੀ ਲਈ ਗਠਿਤ ਸਬ-ਕਮੇਟੀਆਂ ਕੋਲੋਂ ਚੈਕ ਕਰਵਾਉਣੇ ਅਤਿ ਜਰੂਰੀ ਹਨ।ਦਸਤਾਵੇਜ ਚੈਕ ਨਾਂ ਕਰਵਾਉਣ ਦੀ ਸੂਰਤ ਵਿੱਚ ਜਾਂ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਨ੍ਹਾਂ ਦੀ ਪਾਤਰਤਾ ਉਸ ਸਮੇਂ ਰੱਦ ਕਰ ਦਿੱਤੀ ਜਾਵੇਗੀ।
5. ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ F.I.R. ਮੌਕੇ ਤੇ ਹੀ ਦਰਜ ਕਰਵਾਈ ਜਾਵੇਗੀ।
6. ਸਕਰੂਟਨੀ ਦੌਰਾਨ ਹਾਜਰ ਰਹਿਣ ਸਮੇਂ ਉਮੀਦਵਾਰ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਜਾਰੀ ਕੋਵਿਡ-19 ਗਾਈਡਲਾਈਨਜ ਜਿਵੇਂ ਮਾਸਕ ਪਾਉਣਾ, ਸੋਸਲ ਡਿਸਟੈਸਿੰਗ ਆਦਿ ਦਾ ਧਿਆਨ ਰੱਖਣਗੇ।

12/07/21

**ਸਹਾਇਕ ਡਾਇਰੈਕਟਰ**

**ਸਿੱਖਿਆ ਭਰਤੀ ਡਾਇਰੈਕਟਰ, ਪੰਜਾਬ।**